Investing in People
Strengthening our Economy

Investir dans les gens
Consolider notre économie

2005 ONTARIO BUDGET

BUDGET DE L'ONTARIO 2005

Ontario

News Release
Communiqué

ਤੁਰਤ ਰੀਲੀਜ਼ ਲਈ
ਮਈ 11, 2005

# ਬਜਟ 2005 ਲੋਕਾਂ ਵਾਸਤੇ ਰਕਮ ਲਾਉਂਦਾ ਹੈ-ਆਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਬਣਾਉਂਦਾ ਹੈ

## ਪੋਸਟਸੈਕੰਡਰੀ ਵਿਦਿਆ ਲਈ $6.2 ਬਿਲੀਅਨ ਦੀ ਰਕਮ ਲਾਉਣੀ – 2004-05 ਵਿੱਚ ਡੈਫ਼ੀਸਿਟ ਘਟਾਅ ਕੇ $3 ਬਿਲੀਅਨ ਕਰ ਦਿੱਤਾ ਗਿਆ ਹੈ

**ਕੁਈਨਜ਼ ਪਾਰਕ-** ਮੈਗੁਇੰਟੀ ਸਰਕਾਰ ਨੇ ਅੱਜ ਆਪਣਾ ਦੂਜਾ ਬਜਟ, ਪੇਸ਼ ਕੀਤਾ ਹੈ ਜੋ, ਡੈਫ਼ੀਸਿਟ ਨੂੰ ਘਟਾਉਣ ਲਈ ਅਹਿਮ ਉਨਤੀ ਕਰਨ ਦੇ ਨਾਲ ਨਾਲ, ਆਂਟੇਰੀਓ ਦੀਆਂ ਪ੍ਰਥਮਤਾਵਾਂ- ਵਿਦਿਆ, ਸੇਹਤ ਅਤੇ ਮਜ਼ਬੂਤ ਆਰਥਕਤਾ-ਵਿੱਚ ਕੁੰਜੀਵੰਤ ਰਕਮ ਲਾਉਂਦਾ ਹੈ।.

"ਮੈਨੂੰ ਅੱਜ ਇਹ ਐਲਾਨ ਕਰਦਿਆਂ ਫ਼ਖ਼ਰ ਹੁੰਦਾ ਹੈ ਕਿ ਇਹ ਬਜਟ ਪੋਸਟਸੈਕੰਡਰੀ ਵਿਦਿਆ ਅਤੇ ਸਿਖਲਾਈ ਲਈ ਪਿਛਲੇ 40 ਸਾਲਾਂ ਵਿੱਚ ਬਹੁ-ਸਾਲਾ ਤੇ ਸਭ ਤੋਂ ਭਾਰੀ ਰਕਮ ਲਾਉਂਦਾ ਹੈ-ਯੂਨੀਵਰਸਿਟੀਆਂ, ਕਾਲਜਾਂ ਅਤੇ ਸਿਖਲਾਈ ਵਿੱਚ ਰਕਮ ਲਾਉਣ ਦਾ ਇੱਕ ਤਰ੍ਹਾਂ ਦਾ ਇਤਿਹਾਸਕ ਕਦਮ, ਜਿਸ ਨਾਲ ਨਵੀਆਂ ਨੌਕਰੀਆਂ ਅਤੇ ਆਰਥਕਤਾ ਵਿੱਚ ਵਾਧਾ ਹੋਵੇਗਾ," ਆਂਟੇਰੀਓ ਦੇ ਵਿੱਤ ਮੰਤਰੀ ਗਰੈੱਗ ਸੁਬਾਰਾ ਨੇ ਕਿਹਾ। "ਸਾਡੀ ਪਲੈਨ ਚੰਗੇਰੀ ਵਿਦਿਆ ਲਈ ਚੰਗੇਰੇ ਸਕੂਲ, ਵਧੇਰੇ ਸੇਹਤਮੰਦ ਆਂਟੇਰੀਓ ਵਾਸੀਆਂ ਲਈ ਚੰਗੇਰੀ ਸੇਹਤ ਸੰਭਾਲ, ਮਜ਼ਬੂਤ ਆਰਥਕਤਾ ਦੇ ਬੁਨਿਆਦੀ ਢਾਂਚੇ (ਇੰਨਫ੍ਰਾਸਟਰੱਕਚਰ) ਲਈ ਸੂਝ-ਸਮਝ ਨਾਲ ਰਕਮ ਲਾਉਣੀ, ਅਤੇ ਮਜ਼ਬੂਤ ਵਿੱਤੀ ਪ੍ਰਬੰਧ ਮੁਹੱਈਆ ਕਰਨਾ ਹੈ ।"

ਇਹ ਬਜਟ, ਜਿਸ ਵਿੱਚ ਕੋਈ ਨਵੇਂ ਟੈੱਕਸ ਨਹੀਂ ਹਨ, ਵੱਧ ਤੋਂ ਵੱਧ 2008-09 ਤੀਕ ਸੰਤੁਲਤ ਬਜਟ ਦੀ ਵਿਉਂਤ ਪੇਸ਼ ਕਰਦਾ ਹੈ। ਜੇ ਰਿਜ਼ਰਵ ਦੀ ਲੋੜ ਨਾ ਪਈ ਤਾਂ ਡੈਫ਼ੀਸਿਟ ਇੱਕ ਸਾਲ ਪਹਿਲਾਂ ਹੀ ਖ਼ਤਮ ਹੋ ਜਾਵੇਗਾ। 2004-05 ਦਾ ਡੈਫ਼ੀਸਿਟ ਸਰਕਾਰ ਨੂੰ ਵਿਰਸੇ ਵਿੱਚ ਮਿਲੇ ਡੈਫੀਸਿਟ ਨੂੰ ਘਟਾਅ ਕੇ ਲਗਭਗ ਅੱਧਾ, $3 ਬਿਲੀਅਨ ਕਰ ਦਿੰਦਾ ਹੈ।

*ਉਚੇਰੀ ਪਹੁੰਚ* (*Reaching Higher*) ਅਧੀਨ: *ਪੋਸਟਸੈਕੰਡਰੀ ਵਿਦਿਆ ਲਈ ਮੈਗੁਇੰਟੀ ਸਰਕਾਰ ਦੀ ਪਲੈਨ*, ਹੁਣ ਤੋਂ ਲੈ ਕੇ 2009-10 ਤਕ ਪੋਸਟਸੈਕੰਡਰੀ ਵਿਦਿਆ ਅਤੇ ਸਿਖਲਾਈ ਵਾਸਤੇ $6.2 ਬਿਲੀਅਨ ਵੱਧ ਖ਼ਰਚ ਕੀਤਾ ਜਾਵੇਗਾ, ਪੋਸਟਸੈਕੰਡਰੀ ਵਿਦਿਆ ਲਈ 2004-05 ਵਿੱਚ ਤਜਵੀਜ਼ਸ਼ੁਦਾ ਖ਼ਰਚੇ ਨਾਲੋਂ $1.6 ਬਿਲੀਅਨ ਵਧੇਰੇ ਖ਼ਰਚ ਕੀਤਾ ਜਾਵੇਗਾ। *ਉਚੇਰੀ ਪਹੁੰਚ* (*Reaching Higher*) ਦੇ ਮਹੱਤਵਪੂਰਨ ਨੁਕਤਿਆਂ ਵਿੱਚ ਹੇਠ ਦਰਜ ਸ਼ਾਮਲ ਹਨ:

- ਇਸ ਸਾਲ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ 135,000 ਵਿਦਿਆਰਥੀਆਂ ਲਈ ਵੱਧ ਮਾਲੀ ਮਦਦ;
- ਪੋਸਟਸੈਕੰਡਰੀ ਵਿਦਿਆ ਹਾਸਲ ਕਰਨ ਵਾਲਿਆਂ ਲਈ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਮਹੱਤਵਪੂਰਨ ਵਾਧਾ;
- ਡਾਕਟਰੀ ਵਿਦਿਆ ਦੇ ਪਹਿਲੇ ਸਾਲ ਲਈ ਥਾਵਾਂ ਵਿੱਚ 15 ਪ੍ਰਤੀਸ਼ਤ ਵਾਧਾ;ਅਤੇ
- 2007-08 ਤੀਕ ਨਵੇਂ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵਿੱਚ 26,000 ਸਾਲਾਨਾ ਵਾਧਾ।

"ਅਸੀਂ ਆਪਣੇ ਲੋਕਾਂ ਲਈ ਅਹਿਮ ਅਮਲੀ ਨਜ਼ਰੀਏ ਨਾਲ ਰਕਮ ਲਾ ਰਹੇ ਹਾਂ-ਜੋ ਆਂਟੇਰੀਓ ਲਈ ਮੁਕਾਬਲੇ ਵਿੱਚ ਲਾਭਵੰਦ ਅਤੇ ਆਰਥਕ ਵਾਧਾ ਸਾਬਤ ਹੋਵੇਗਾ," ਸੁਬਾਰਾ ਨੇ ਕਿਹਾ। " ਇਸ ਤਰ੍ਹਾਂ ਭਾਰੀ ਰਕਮ ਲਾਉਣ ਨਾਲ, ਨਤੀਜੇ ਵਜੋਂ ਅਸੀਂ ਵਧੇਰੇ ਪਹੁੰਚ, ਗੁਣ ਅਤੇ ਉੱਤਰਦਾਇਕਤਾ ਦੀ ਮੰਗ ਕਰ ਸਕਾਂਗੇ।"

ਮੈਗੁਇੰਟੀ ਸਰਕਾਰ ਵੱਧੇਰੇ ਡਾਕਰ ਅਤੇ ਨਰਸਾਂ ਮੁਹੱਈਆ ਕਰ ਰਹੀ ਹੈ, ਹੇਠ ਦਰਜ ਕਦਮਾਂ ਰਾਹੀਂ ਉਡੀਕ ਦਾ ਸਮਾਂ ਘਟਾਅ ਰਹੀ ਹੈ ਅਤੇ ਲੋਕਾਂ ਨੂੰ ਸੇਹਤਮੰਦ ਬਣਾਈ ਰੱਖ ਰਹੀ ਹੈ:

- $2.5 ਮਿਲੀਅਨ ਆਂਟੇਰੀਓ ਵਾਸੀਆਂ ਨੂੰ 24/7 ਦੇ ਆਧਾਰ ਤੇ ਵਿਸਤਰਤ ਮੁੱਢਲੀ ਸੰਭਾਲ ਮੁਹੱਈਆ ਕਰਨ ਵਾਸਤੇ, 2007-08 ਤੀਕ ਫ਼ੈਮਲੀ ਹੈਲਥ ਟੀਮਾਂ ਦੀ ਗਿਣਤੀ ਨੂੰ ਵਧਾਅ ਕੇ 150 ਕੀਤਾ ਜਾ ਰਿਹਾ ਹੈ;

- ਇਸ ਸਾਲ ਵਿੱਚ 2,900 ਵਧੇਰੇ ਕੈਂਸਰ ਸਰਜਰੀਆਂ, 14,000 ਜਾਂ 13 ਪ੍ਰਤੀਸ਼ਤ ਵੱਧ ਮੋਤੀਏ ਦੀਆਂ ਸਰਜਰੀਆਂ, 7,000 ਜਾਂ ਅੱਠ ਪ੍ਰਤੀਸ਼ਤ ਵੱਧ ਕਾਰਡੀਅਕ ਪ੍ਰੋਸੀਜਰਜ਼, 4,300 ਤੋਂ ਵੱਧ ਜਾਂ 16 ਪ੍ਰਤੀਸ਼ਤ ਵੱਧ ਚੂਲੇ ਅਤੇ ਗੋਡੇ ਬਦਲਨੇ ਅਤੇ 53,200 ਜਾਂ 19 ਪ੍ਰਤੀਸ਼ਤ ਵੱਧ ਐੱਮ. ਆਰ. ਆਈ. ਮੁਆਈਨੇ ਮੁਹੱਈਆ ਕੀਤੇ ਜਾਣਗੇ; ਅਤੇ

- 2007-08 ਤੀਕ 232,000 ਤੋਂ ਵੱਧ ਸੀਨੀਅਰਾਂ, ਨਿਰਬਲ ਬਿਰਧਾਂ ਅਤੇ ਅਪੰਗ ਵਿਅਕਤੀਆਂ ਲਈ ਕਮਿਯੂਨਿਟੀ ਸਹਾਇਕ ਸੇਵਾਵਾਂ ਤਕ ਦੀ ਪਹੁੰਚ ਵਿੱਚ ਸੁਧਾਰ ਕੀਤਾ ਜਾਵੇਗਾ।

"ਸਰਕਾਰ ਦੀ ਪਲੈਨ ਹੈ ਕਿ ਲੋਕ ਸੇਹਤਮੰਦ ਬਣੇ ਰਹਿਣ, ਜੇ ਉਹ ਬਿਮਾਰ ਹੋਣ ਤਾਂ ਉਨ੍ਹਾਂ ਦੀ ਬਹਿਤਰ ਸੰਭਾਲ ਲਈ , ਅਤੇ ਇਹ ਯਕੀਨੀ ਬਣਾਉਣ ਲਈ ਕਿ ਮੈਡੀਕੇਅਰ (ਡਾਕਟਰੀ ਸੰਭਾਲ) ਨੂੰ ਕਈ ਪੁਸ਼ਤਾਂ ਤਕ ਕਾਇਮ ਰੱਖਿਆ ਜਾ ਸਕੇ।" ਸੁਬਾਰਾ ਨੇ ਕਿਹਾ।

ਸਰਕਾਰ, ਪ੍ਰੀ ਸਕੂਲ ਤੋਂ ਲੈ ਕੇ ਹਾਈ ਸਕੂਲ ਪਾਸ ਕਰਨ ਤੀਕ, ਹੇਠ ਦਰਜ ਕਦਮਾਂ ਰਾਹੀਂ ਬੱਚਿਆਂ ਦੀ ਵਿਦਿਆ ਵਿੱਚ ਰਕਮ ਲਾਉਣ ਦਾ ਸਿਲਸਲਾ ਜਾਰੀ ਰੱਖੇਗੀ:

- ਉਤਮ ਅਰੰਭ *(Best Start)* ਜਿਸ ਨਾਲ ਲਸੰਸਸ਼ੁਦਾ ਚਾਇਲਡ ਕੇਅਰ (ਬੱਚਿਆਂ ਦੀ ਸੰਭਾਲ) ਦੀਆਂ ਥਾਵਾਂ ਵਿੱਚ ਅਹਿਮ ਵਾਧਾ ਹੋਵੇਗਾ ਅਤੇ ਚਾਇਲਡ ਕੇਅਰ ਫ਼ੀਸ ਲਈ ਮਾਲੀ ਸਹਾਇਤਾ ਵੱਧ ਪਰਵਾਰਾਂ ਨੂੰ ਉਪਲਬਧ ਹੋਵੇਗੀ;
- 13,000 ਸਕੂਲਾਂ ਵਿੱਚ ਕਲਾਸਾਂ ਦਾ ਆਕਾਰ ਪਹਿਲਾਂ ਹੀ ਘੱਟ ਹੈ ਅਤੇ ਜੂਨੀਅਰ ਕਿੰਡਰਗਾਰਟਨ ਤੋਂ ਲੈ ਕੇ ਗਰੇਡ 3 ਤੀਕ ਦੀ ਇੱਕ ਕਲਾਸ ਵਿੱਚ 20 ਵਿਦਿਆਰਥੀਆਂ ਦੀ ਹੱਦ ਕਾਇਮ ਕਰਨ ਲਈ ਕਦਮ ਉਠਾਏ ਜਾ ਰਹੇ ਹਨ;
- ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਵਿੱਚ ਸੁਧਾਰ ਕਰਨ ਲਈ ਅਤੇ ਹਿਸਾਬ ਅਤੇ ਪੜ੍ਹਾਈ ਵਿੱਚ ਪਰਾਂਤਕ ਮਿਆਰ ਤੱਕ ਪਹੁੰਚਣ ਵਿੱਚ ਵੱਧ ਵਿਦਿਆਰਥੀਆਂ ਦੀ ਮਦਦ ਕਰਨ ਲਈ 8,000 ਵਧੇਰੇ ਅਧਿਆਪਕਾਂ ਦੀ ਸਿਖਲਾਈ; ਅਤੇ
- ਸਿੱਖਿਆ ਲਈ ਚੰਗੀਆਂ ਥਾਵਾਂ ਵਾਸਤੇ ਫੰਡ ਅਧੀਨ ਸਕੂਲ ਬੋਰਡ ਆਉਂਦੇ ਤਿੰਨ ਸਾਲਾ ਦੌਰਾਨ ਸਕੂਲਾਂ ਦੀ ਉਸਾਰੀ, ਸਹੂਲਤਾਂ ਦੀ ਮੁਰੰਮਤ ਅਤੇ ਉਨ੍ਹਾਂ ਦੇ ਨਵੀਨਕਰਣ ਦੇ ਪਰੋਜੈਕਟਾਂ ਲਈ $4 ਬਿਲੀਅਨ ਲਾ ਸਕਣਗੇ ।

"ਕਲਾਸ ਦੇ ਛੋਟੇ ਆਕਾਰ ਅਤੇ ਵਿਦਿਆਰਥੀਆਂ ਦੀਆਂ ਉਚੇਰੀਆਂ ਪ੍ਰਾਪਤੀਆਂ ਲਈ ਦਿੱਤੇ ਵਚਨ ਨੂੰ ਅਸੀਂ ਪੂਰਾ ਕਰ ਰਹੇ ਹਾਂ," ਸੁਬਾਰਾ ਨੇ ਕਿਹਾ। "ਆਂਟੇਰੀਓ ਦੇ ਮਾਪਿਆਂ ਦੀ ਆਸ ਅਤੇ ਉਨ੍ਹਾਂ ਦੇ ਬੱਚਿਆਂ ਦਾ ਅਧਿਕਾਰ ਇਸ ਤੋਂ ਘੱਟ ਨਹੀਂ।"

ਇਹ ਬਜਟ ਬੁਨਿਆਦੀ ਢਾਂਚੇ (ਇੰਨਫ੍ਰਾਸਟਰੱਕਚਰ) ਅਤੇ ਨਵੀਆਂ ਰੀਤਾਂ ਵਿੱਚ ਅਹਿਮ ਰਕਮ ਲਾ ਕੇ ਆਂਟੇਰੀਓ ਦੀ ਆਰਥਕਤਾ ਨੂੰ ਮਜ਼ਬੂਤ ਕਰਨ ਦੀ ਪਲੈਨ ਦੀ ਰੂਪ ਰੇਖਾ ਹੈ, ਇਸ ਵਿੱਚ ਹੇਠ ਦਰਜ ਸ਼ਾਮਲ ਹਨ:

- ਸੜਕਾਂ, ਆਵਾ-ਜਾਈ, ਹਸਪਤਾਲਾਂ, ਸਕੂਲਾਂ,ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਇਹ ਇੱਕ ਪੰਜ ਸਾਲਾ, $30 ਬਿਲੀਅਨ ਦੀ ਬੁਨਿਆਦੀ ਢਾਂਚੇ (ਇੰਨਫ੍ਰਾਸਟਰੱਕਚਰ) ਵਾਲੀ ਪਲੈਨ;
- ਪੁੱਜਣਯੋਗ ਮੁੱਲ ਵਾਲੇ ਘਰਾਂ ਦੀਆਂ 15,000 ਯੂਨਿਟਾਂ; ਅਤੇ
- ਰਿਸੱਰਚ ਅਤੇ ਨਵੀਆਂ ਰੀਤਾਂ ਪਾਉਣ ਵਿੱਚ ਪਰਾਂਤ ਨੂੰ ਮੋਹਰੀ ਬਣਾਉਣ ਲਈ ਤਜਵੀਜ਼ਸ਼ੁਦਾ ਰਿਸੱਰਚ ਕੌਂਸਲ ਆਫ ਆਂਟੇਰੀਓ *(Research Council of Ontario)*

"ਕਿਉਂਕਿ ਅਸਾਂ ਵਿੱਤੀ ਪ੍ਰਬੰਧਾਂ ਵਿੱਚ ਅਨੁਸਾਸ਼ਨ ਲਿਆਂਦਾ ਹੈ ਇਸ ਕਰ ਕੇ ਸਾਡੀ ਪਲੈਨ ਕਾਰਗਰ ਸਾਬਤ ਹੋ ਰਹੀ ਹੈ," ਸੁਬਾਰਾ ਨੇ ਆਖਿਆ। ਉਸ ਨੇ ਅੱਗੇ ਚੱਲ ਕੇ ਕਿਹਾ ਕਿ ਪਹਿਲ ਵਾਲੀਆਂ ਥਾਵਾਂ ਵਿੱਚ ਰਕਮ ਲਾਉਣ ਯੋਗ ਹੋਣ ਲਈ ਇਹ ਸਰਕਾਰ ਬਹੁਤੀਆਂ ਮਨਿੱਸਟਰੀਆਂ ਵਿੱਚ ਖ਼ਰਚਿਆਂ ਦੀ ਹੱਦ ਨੂੰ ਕਰੜਾਈ ਨਾਲ ਕਾਇਮ ਰੱਖ ਰਹੀ ਹੈ।

"ਇਹ ਬਜਟ ਇੱਕ ਸੰਤੁਲਤ ਅਤੇ ਜ਼ੁੰਮੇਵਾਰ ਪਹੁੰਚ ਹੈ ਜਿਸ ਨੂੰ ਅਸੀਂ ਆਂਟੇਰੀਓ ਦੇ ਭਵਿੱਸ਼ ਲਈ ਵਾਜਬ ਸਮਝਦੇ ਹਾਂ," ਸੁਬਾਰਾ ਨੇ ਆਖਿਆ। "ਸਾਡੀ ਆਰਥਕਤਾ ਨੂੰ ਮਜ਼ਬੂਤ ਬਣਾਉਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਆਉਂਦੇ ਸਾਲਾਂ ਵਿੱਚ ਆਂਟੇਰੀਓ ਹੀ ਇੱਕੋ ਇੱਕ ਥਾਂ ਹੈ ਇਹ ਆਪਣੇ ਲੋਕਾਂ ਵਾਸਤੇ–ਉਨ੍ਹਾਂ ਦੀ ਸੇਹਤ, ਵਿਦਿਆ ਅਤੇ ਖ਼ੁਸ਼ਹਾਲੀ–, ਵਿੱਚ ਰਕਮ ਲਾਉਣ ਵਾਲੀ ਪਲੈਨ ਹੈ।"

-30-

ਸੰਪਰਕ ਲਈ:

Sean Hamilton
Minister's Office
416-325-8679

Manuel Alas-Sevillano
Ministry of Finance
416-212-2155

Punjabi